# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 3507 /ਸੀ.ਓ.ਈ.
ਮਿਤੀ 6/10/2020

## ਜ਼ਰੂਰੀ ਸੂਚਨਾ

ਵਿਸ਼ਾ:- ਅੰਡਰ-ਗ੍ਰੈਜੂਏਟ ਦੇ ਵੱਖ-ਵੱਖ ਕੋਰਸਾਂ ਵਿੱਚ ਇਨਵਾਇਰਨਮੈਂਟਲ ਐਂਡ ਰੋਡ ਸੇਫਟੀ ਅਵੇਅਰਨੈਸ ਅਤੇ ਡਰੱਗ ਐਬਿਊਜ਼ ਪ੍ਰਾਬਲਮ, ਮੈਨੇਜਮੈਂਟ ਐਂਡ ਪ੍ਰੀਵੈਂਸ਼ਨ ਵਿਸ਼ਾ ਜੋ ਕਿ ਪਾਸ ਕਰਨਾ ਲਾਜ਼ਮੀ ਹੈ ਬਾਰੇ।

ਯੂਨੀਵਰਸਿਟੀ ਵਲੋਂ ਚਲਾਏ ਜਾ ਰਹੇ ਵੱਖ-ਵੱਖ ਅੰਡਰ-ਗ੍ਰੈਜੂਏਟ ਕੋਰਸਾਂ ਦੌਰਾਨ ਇਨਵਾਇਰਨਮੈਂਟਲ ਐਂਡ ਰੋਡ ਸੇਫਟੀ ਅਵੇਅਰਨੈਸ ਅਤੇ ਡਰੱਗ ਐਬਿਊਜ਼ ਪ੍ਰਾਬਲਮ, ਮੈਨੇਜਮੈਂਟ ਐਂਡ ਪ੍ਰੀਵੈਂਸ਼ਨ ਦਾ ਵਿਸ਼ਾ ਪਾਸ ਕਰਨਾ ਲਾਜ਼ਮੀ ਹੈ। ਜਿਹਨਾਂ ਵਿਦਿਆਰਥੀਆਂ ਨੇ ਇਸ ਵਿਸ਼ੇ ਦਾ ਪੇਪਰ ਦੇਣ ਲਈ ਦੂਜਾ ਅਤੇ ਚੌਥਾ ਸਮੈਸਟਰ ਮਈ, 2020 ਪ੍ਰੀਖਿਆਵਾਂ ਲਈ ਪ੍ਰੀਖਿਆ ਫਾਰਮ ਅਤੇ ਫ਼ੀਸ ਨਿਰਧਾਰਿਤ ਸਮੇਂ ਤੋਂ ਪਹਿਲਾਂ ਭਰੀ ਹੈ, ਉਹਨਾਂ ਨੂੰ ਯੂ.ਜੀ.ਸੀ. ਅਤੇ ਪੰਜਾਬ ਸਰਕਾਰ ਵਲੋਂ ਹੋਏ ਆਦੇਸ਼ਾਂ ਅਨੁਸਾਰ ਅਗਲੇ ਸਮੈਸਟਰ ਵਿੱਚ ਭਾਵ (ਤੀਜਾ ਅਤੇ ਪੰਜਵਾਂ) ਵਿੱਚ ਪ੍ਰਮੋਟ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿਦਿਆਰਥੀਆਂ ਦੇ ਇਹ ਪੇਪਰ ਹੋ ਰਹੀਆਂ ਪ੍ਰੀਖਿਆਵਾਂ ਵਿੱਚ ਨਹੀਂ ਲਏ ਜਾਣਗੇ।

ਜਿਹਨਾਂ ਵਿਦਿਆਰਥੀਆਂ ਨੇ ਆਪਣੇ ਕੋਰਸ ਦੌਰਾਨ ਉਕਤ ਵਿਸ਼ੇ ਪਾਸ ਨਹੀਂ ਕੀਤੇ ਹਨ ਅਤੇ ਉਹਨਾਂ ਨੇ ਯੂਨੀਵਰਸਿਟੀ ਵਲੋਂ ਦਿੱਤੇ ਜਾ ਰਹੇ ਮੌਕੇ ਲਈ ਆਪਣੇ ਪ੍ਰੀਖਿਆ ਫਾਰਮ ਅਤੇ ਫ਼ੀਸ ਭਰੀ ਹੈ, ਅਜਿਹੇ ਵਿਦਿਆਰਥੀਆਂ ਲਈ ਇਨਵਾਇਰਨਮੈਂਟਲ ਐਂਡ ਰੋਡ ਸੇਫਟੀ ਅਵੇਅਰਨੈਸ ਵਿਸ਼ੇ ਦੀ ਪ੍ਰੀਖਿਆ ਮਿਤੀ 11.10.2020 ਨੂੰ ਅਤੇ ਡਰੱਗ ਐਬਿਊਜ਼ ਪ੍ਰਾਬਲਮ, ਮੈਨੇਜਮੈਂਟ ਐਂਡ ਪ੍ਰੀਵੈਂਸ਼ਨ ਵਿਸ਼ੇ ਦੀ ਪ੍ਰੀਖਿਆ ਮਿਤੀ 15.10.2020 ਨੂੰ ਸਾਰੇ ਹੀ ਅੰਡਰ-ਗ੍ਰੈਜੂਏਟ ਕੋਰਸਾਂ ਲਈ ਕਰਵਾਈ ਜਾ ਰਹੀ ਹੈ। ਜਿੰਨਾਂ ਵਿਦਿਆਰਥੀਆਂ ਨੇ ਛੇਵੇਂ ਸਮੈਸਟਰ ਵਿੱਚ ਇਨਵਾਇਰਨਮੈਂਟਲ ਐਂਡ ਰੋਡ ਸੇਫਟੀ ਅਵੇਅਰਨੈਸ ਅਤੇ ਡਰੱਗ ਐਬਿਊਜ਼ ਪ੍ਰਾਬਲਮ, ਮੈਨੇਜਮੈਂਟ ਐਂਡ ਪ੍ਰੀਵੈਂਸ਼ਨ ਪੇਪਰ ਦੇਣ ਲਈ ਵਿਸ਼ਾ ਚੁਣਿਆ ਹੈ, ਉਹ ਵਿਦਿਆਰਥੀ ਹੋ ਰਹੀ ਪ੍ਰੀਖਿਆ ਵਿੱਚ ਪੇਪਰ ਦੇਣਗੇ।

ਵਿਭਾਗ/ਕਾਲਜ ਦੇ ਰੈਗੂਲਰ/ਰੀ-ਅਪੀਅਰ ਵਿਦਿਆਰਥੀ ਆਪਣੀ ਉੱਤਰ-ਸ਼ੀਟਾਂ ਸਬੰਧਿਤ ਵਿਭਾਗਾਂ ਵਿੱਚ ਜਮ੍ਹਾਂ ਕਰਵਾਉਣਗੇ। ਇਸ ਲਈ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪ੍ਰਸ਼ਨ-ਪੱਤਰ ਪ੍ਰਾਪਤ ਕਰਨ ਲਈ ਅਤੇ ਉੱਤਰ-ਸ਼ੀਟਾਂ ਭੇਜਣ ਲਈ ਆਪਣੇ ਵਿਭਾਗ/ਕਾਲਜ ਨਾਲ ਸੰਪਰਕ ਕਰ ਲੈਣ। ਪ੍ਰਾਈਵੇਟ ਵਿਦਿਆਰਥੀਆਂ ਨੂੰ ਪ੍ਰਸ਼ਨ-ਪੱਤਰ ਯੂਨੀਵਰਸਿਟੀ ਵੈਬਸਾਈਟ ਤੇ ਉਪਲਬੱਧ ਕਰਵਾਏ ਜਾਣਗੇ। ਪ੍ਰਾਈਵੇਟ ਵਿਦਿਆਰਥੀ, ਉੱਤਰ-ਸ਼ੀਟ ਕਿਸੇ ਵੀ ਪੰਜਾਬੀ ਯੂਨੀਵਰਸਿਟੀ ਦੇ ਨੇਬਰਹੁੱਡ ਕੈਂਪਸ, ਰਿਜ਼ਨਲ ਸੈਂਟਰ, ਕਾਂਸਟੀਚਿਊਟ ਕਾਲਜ ਜਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪ੍ਰੀਖਿਆ ਸ਼ਾਖਾ ਵਿਖੇ ਦਸਤੀ ਜਮ੍ਹਾਂ ਕਰਵਾ ਸਕਦੇ ਹਨ ਜਾਂ ਸਪੀਡ/ਰਜਿਸਟਰਡ ਪੋਸਟ ਜਰੀਏ ਉੱਤਰ-ਸ਼ੀਟ ਸਹਾਇਕ ਰਜਿਸਟਰਾਰ, ਸੀਕਰੇਸੀ ਬ੍ਰਾਂਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ-147002 ਨੂੰ ਭੇਜ ਸਕਦੇ ਹਨ। ਪ੍ਰਾਈਵੇਟ ਵਿਦਿਆਰਥੀ ਆਪਣੇ ਰਿਕਾਰਡ ਲਈ ਉੱਤਰ-ਸ਼ੀਟਾਂ ਦੀ ਇੱਕ ਕਾਪੀ ਆਪਣੇ ਕੋਲ ਰੱਖਣਾ ਯਕੀਨੀ ਬਣਾਉਣ। ਪ੍ਰੀਖਿਆ ਸਬੰਧੀ ਹਦਾਇਤਾਂ ਲਈ ਵਿਦਿਆਰਥੀ ਯੂਨੀਵਰਸਿਟੀ ਵੈਬਸਾਈਟ ਸਮੇਂ-ਸਮੇਂ ਚੈਕ ਕਰਦੇ ਰਹਿਣ।

6/10/2020

ਕੰਟਰੋਲਰ (ਪ੍ਰੀਖਿਆਵਾਂ)

Scanned with CamScanner